BRAMPTON Flower City brampton.ca

media release

ਤੁਰੰਤ ਰਿਲੀਜ ਲਈ

# ਪੂਰੇ ਸ਼ਹਿਰ ਵਿੱਚ ਰੁੱਖ ਲਗਾਉਣ ਦੇ ਕਾਰਜਕਰਮਾਂ ਵਿੱਚ ਬ੍ਰੈਂਪਟਨ ਨੂੰ ਹਰਾ-ਭਰਾ ਬਣਾਓ

ਬ੍ਰੈਂਪਟਨ, ਓਨਟੈਰੀਓ (11 ਅਪ੍ਰੈਲ, 2019) – 22 ਅਪ੍ਰੈਲ ਨੂੰ ਅਰਥ ਡੇ 2019 (Earth Day) ਮਨਾਉਣ ਲਈ, ਸਿਟੀ ਆਫ ਬ੍ਰੈਂਪਟਨ ਆਉਣ ਵਾਲੇ ਹਫ਼ਤਿਆਂ ਵਿੱਚ ਪੂਰੇ ਸ਼ਹਿਰ ਵਿੱਚ ਰੁੱਖ ਲਗਾਉਣ ਦੇ ਚਾਰ ਭਾਈਚਾਰਕ ਕਾਰਜਕਰਮਾਂ ਦਾ ਆਯੋਜਨ ਕਰ ਰਹੀ ਹੈ।

ਇਹ ਕਾਰਜਕਰਮ ਇਸ ਤਰ੍ਹਾਂ ਹੋਣਗੇ।

**ਸ਼ਨੀਵਾਰ, 27 ਅਪ੍ਰੈਲ | ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ**

- ਨੋਰਟਨ ਪਲੇਸ ਪਾਰਕ, 170 ਕਲਾਰਕ ਬੁਲੇਵਾਰਡ (Norton Place Park, 170 Clark Boulevard)
  ਰੁੱਖ ਲਗਾਉਣਾ ਅਤੇ ਮੁਫ਼ਤ ਬਾਰਬੇਕਿਊ।

- ਟੇਰਾਮੋਟੋ ਪਾਰਕ, 9020 ਚਿੰਗਕੂਜ਼ੀ ਰੋਡ (Teramoto Park, 9020 Chinguacousy Road)
  ਕ੍ਰੈਡਿਟ ਵੈਲੀ ਕਨਜਰਵੇਸ਼ਨ (Credit Valley Conservation) ਦੇ ਨਾਲ ਭਾਈਵਾਲੀ ਵਿੱਚ ਰੁੱਖ ਲਗਾਉਣਾ।

- ਕਲੇਅਰਵਿਲ ਕਨਜਰਵੇਸ਼ਨ ਏਰੀਆ, 8998 ਕਲੇਅਰਵਿਲੇ ਕਨਜਰਵੇਸ਼ਨ ਰੋਡ (Claireville Conservation Area, 8998 Claireville Conservation Road)
  ਟੋਰੋਂਟੋ ਐਂਡ ਰੀਜਨ ਕਨਜਰਵੇਸ਼ਨ ਅਥਾੱਰਿਟੀ (Toronto and Region Conservation Authority) ਦੇ ਨਾਲ ਭਾਈਵਾਲੀ ਵਿੱਚ ਰੁੱਖ ਲਗਾਉਣਾ।

**ਸ਼ਨੀਵਾਰ, 4 ਮਈ | ਸਵੇਰੇ 10 ਵਜੇ ਤੋਂ ਦੁਪਹਿਰ ਬਾਅਦ 1 ਵਜੇ**

- ਵੈਲੀਬ੍ਰੂਕ ਪਾਰਕ, 244 ਪ੍ਰੈਸਡ ਬ੍ਰਿੱਕ ਡ੍ਰਾਈਵ (Valleybrook Park, 244 Pressed Brick Drive)
  ਟੋਰੋਂਟੋ ਐਂਡ ਰੀਜਨ ਕਨਜਰਵੇਸ਼ਨ ਅਥਾੱਰਿਟੀ ਦੇ ਨਾਲ ਭਾਈਵਾਲੀ ਵਿੱਚ ਸਾਲਾਨਾ ਸਕਾਉਟ ਰੁੱਖ ਲਗਾਉਣ ਦਾ ਭਾਈਚਾਰਕ ਕਾਰਜਕਰਮ ਅਤੇ ਮੁਫ਼ਤ ਬਾਰਬੇਕਿਊ।

ਰੁੱਖ ਲਗਾਉਣ ਦੇ ਇੱਕ ਕਾਰਜਕਰਮ ਲਈ ਰਜਿਸਟਰ ਕਰਨ ਵਾਸਤੇ, [www.brampton.ca/parks](http://www.brampton.ca/parks) ਤੇ ਜਾਓ। ਰਜਿਸਟਰ ਕਰਨ ਦੀ ਆਖ਼ਰੀ ਤਾਰੀਖ 25 ਅਪ੍ਰੈਲ ਹੈ। ਹਿੱਸਾ ਲੈਣ ਵਾਲੇ ਮੌਸਮ ਦੇ ਮੁਤਾਬਕ ਡ੍ਰੈਸ ਪਾਉਣ ਅਤੇ ਪੈਰਾਂ ਦੇ ਅਗਲੇ ਹਿੱਸੇ ਨੂੰ ਬੰਦ ਕਰਨ ਵਾਲੀਆਂ ਜੁੱਤੀਆਂ ਪਾਉਣ। ਸ਼ਾਵਲ ਅਤੇ ਦਸਤਾਨੇ ਦਿੱਤੇ ਜਾਣਗੇ, ਪਰੰਤੂ ਇਹ ਸੀਮਿਤ ਸੰਖਿਆ ਵਿੱਚ ਹੀ ਹਨ। ਹਿੱਸਾ ਲੈਣ ਵਾਲਿਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਜੇਕਰ ਸੰਭਵ ਹੋਵੇ ਤਾਂ ਉਹ ਆਪਣੇ ਸ਼ਾਵਲ ਅਤੇ ਦਸਤਾਨੇ ਨਾਲ ਲੈ ਕੇ ਆਉਣ। ਭਾਵੇਂ ਧੁੱਪ ਹੋਵੇ ਜਾਂ ਵਰਖਾ, ਇਹ ਕਾਰਜਕਰਮ ਜ਼ਰੂਰ ਹੋਵੇਗਾ।

**ਅਰਥ ਡੇ ਬਾਰੇ**

[ਅਰਥ ਡੇ ਨੈੱਟਵਰਕ (Earth Day Network)]() ਦਾ ਉਦੇਸ਼ ਅਰਥ ਡੇ 2020 (Earth Day 2020) ਤੱਕ 7.8 ਅਰਬ ਰੁੱਖ ਲਗਾਉਣਾ ਹੈ – ਪਲੈਨੇਟ ਤੇ ਹਰ ਵਿਅਕਤੀ ਲਈ ਇੱਕ ਰੁੱਖ। ਸੰਗਠਨ ਦੇ ਮੁਤਾਬਕ, 192 ਦੇਸ਼ਾਂ ਵਿੱਚ ਇੱਕ ਅਰਬ ਤੋਂ ਵੱਧ ਲੋਕ ਅਰਥ ਡੇ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਹਨ। ਜਿਸ ਨਾਲ ਇਹ ਦੁਨੀਆ ਵਿੱਚ ਸਭ ਤੋਂ ਵੱਧ ਸ਼ਮੂਲੀਅਤ ਵਾਲਾ ਦਿਨ ਬਣ ਗਿਆ ਹੈ।

ਹਵਾਲਾ

"ਇਸ ਕਾਉਂਸਿਲ ਦੀ ਇੱਕ ਤਰਜੀਹ ਬ੍ਰੈਂਪਟਨ ਨੂੰ ਗ੍ਰੀਨ ਸਿਟੀ ਬਣਾਉਣਾ ਹੈ ਅਤੇ ਅਰਥ ਡੇ ਸਾਡੇ ਭਾਈਚਾਰੇ ਨਾਲ ਜੁੜਨ ਅਤੇ ਵਾਤਾਵਰਣ ਨੂੰ ਬਚਾਉਣ ਦੇ ਸਬੰਧ ਵਿੱਚ ਜਾਗਰੂਕਤਾ ਫੈਲਾਉਣ ਦਾ ਸ਼ਾਨਦਾਰ ਮੌਕਾ ਹੈ। ਮੈਂ ਹਰੇਕ ਨੂੰ, ਖਾਸ ਕਰਕੇ ਸਾਡੇ ਨੌਜਵਾਨਾਂ ਨੂੰ ਉਤਸ਼ਾਹਿਤ ਕਰਦਾ ਹਾਂ ਕਿ ਉਹ ਵੱਧ ਹਰੇ-ਭਰੇ ਭਵਿੱਖ ਦੇ ਨਿਰਮਾਣ ਵਿੱਚ ਹਿੱਸਾ ਲੈਣ। ਵਾਤਾਵਰਣ ਸਬੰਧੀ ਪਹਿਲਕਦਮੀਆਂ, ਜਿਵੇਂ ਕਿ ਰੁੱਖ ਲਗਾਉਣਾ, ਪ੍ਰਬੰਧਕਤਾ ਅਤੇ ਸੰਭਾਲ ਦੇ ਪ੍ਰਤੀ ਜ਼ਿੰਮੇਵਾਰੀ ਅਤੇ ਵਚਨਬੱਧਤਾ ਦੀ ਭਾਵਨਾ ਵਿਕਸਿਤ ਕਰਦੀਆਂ ਹਨ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

ਸਿਟੀ ਆਫ ਬ੍ਰੈਂਪਟਨ ਬਾਰੇ ਹੋਰ ਜਾਣਕਾਰੀ ਲਈ, www.brampton.ca ਤੇ ਜਾਓ ਜਾਂ ਸਾਨੂੰ Twitter, Facebook, ਅਤੇ Instagram ਤੇ ਫਾਲੋ ਕਰੋ।


**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca